This question paper contains 3 printed pages]

*Your Roll No*..........................

**2607**

**B.A. (PROGRAMME)/I** **D-I**

PUNJABI LANGUAGE (A)—Paper I

(Advanced Punjabi)

*Time* : 3 *Hours* *Maximum Marks* : 100

(*Write your Roll No. on the top immediately on receipt of this question paper.*)

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਬਾਰੇ 500 ਸ਼ਬਦਾਂ ਤਕ ਨਿਬੰਧ ਲਿਖੋ : 15

   (ੳ) ਟੀ. ਵੀ. ਚੈਨਲਾਂ ਦਾ ਪ੍ਰਭਾਵ

   (ਅ) ਕੋਈ ਅੱਖੀਂ ਡਿੱਠਾ ਮੇਲਾ

   (ੲ) ਫ਼ੈਸ਼ਨ ਦਾ ਵੱਧ ਰਿਹਾ ਰਿਵਾਜ਼

   (ਸ) ਸਾਡੀ ਵਿਦਿਆ ਪ੍ਰਣਾਲੀ

2. ਕਿਸੇ ਪੰਜਾਬੀ ਪੁਸਤਕ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 15

3. ਭ੍ਰਿਸ਼ਟਾਚਾਰ, ਖੇਡਾਂ, ਵਿਗਿਆਨ, ਧਰਮ ਜਾਂ ਪਿਆਰ ਵਿਚੋਂ ਕਿਸੇ ਇਕ ਵਿਸ਼ੇ ਉੱਤੇ 10-15 ਸਤਰਾਂ ਦੀ ਮੌਲਿਕ (ਆਪਣੀ) ਕਵਿਤਾ ਲਿਖੋ। 10

P.T.O.

4. ਆਪਣੇ ਅਧਿਆਪਕ ਵਲੋਂ ਦਿੱਤੇ ਕਿਸੇ ਵਿਸ਼ੇ ਉਪਰ ਨੋਟਸ ਤਿਆਰ ਕਰੋ। 15

5. ਵਿਸ਼ੇਸ਼ਣ ਤੋਂ ਕੀ ਭਾਵ ਹੈ? ਵਿਸ਼ੇਸ਼ਣ ਦੀਆਂ ਕਿਸਮਾਂ ਦੱਸ ਕੇ ਉਦਾਹਰਣਾਂ ਵੀ ਦਿਉ। 15

**ਜਾਂ**

ਹੇਠ ਲਿਖੇ ਨਾਵ-ਸ਼ਬਦਾਂ ਦੇ ਵਿਸ਼ੇਸ਼ਣ ਬਣਾਉ।

ਸ਼ਹਿਰ, ਸ਼ਰਮ, ਗੁਲਾਬ, ਕਿਤਾਬ, ਗਿਆਨ, ਦੇਸ, ਨਰਮ, ਪਿਆਰ, ਪਾਪ, ਭਲਾਈ

6. ਹੇਠ ਲਿਖੇ ਪੈਰ੍ਹੇ ਨੂੰ ਵਿਸਰਾਮ ਚਿੰਨ੍ਹ ਲਾ ਕੇ ਲਿਖੋ :

ਸਦੀਆਂ ਤੋਂ ਮਨੁੱਖ ਪਸ਼ੂਆਂ ਉਪਰ ਰਾਜ ਕਰਦਾ ਆ ਰਿਹਾ ਹੈ ਮਨੁੱਖ ਪਸ਼ੂ ਨੂੰ ਆਪਣਾ ਗ਼ੁਲਾਮ ਬਣਾ ਸਕਦਾ ਹੈ ਉਸ ਨੂੰ ਮਾਰ ਸਕਦਾ ਹੈ ਉਸ ਨੂੰ ਵਰਤ ਸਕਦਾ ਹੈ ਤੇ ਆਪਣੀ ਚਲਾਕੀ ਨਾਲ ਉਸ ਉਪਰ ਪੂਰੀ ਤਰ੍ਹਾਂ ਅਧਿਕਾਰ ਜਮਾ ਸਕਦਾ ਹੈ ਕਈ ਪਸ਼ੂ ਜਿਵੇਂ ਘੋੜਾ ਗਾਂ ਉਠ ਭੇਡ ਬੱਕਰੀ ਤੇ ਕੁੱਤਾ ਆਦਿ ਸੈਂਕੜੇ ਪੀੜ੍ਹੀਆਂ ਤੋਂ ਮਨੁੱਖ ਦੇ ਅਧੀਨ ਚਲੇ ਆ ਰਹੇ ਹਨ ਇਸ ਲਈ ਉਹ ਉਸ ਦੀ ਸਰਦਾਰੀ ਨੂੰ ਮੰਨਣ ਲਈ ਮਜਬੂਰ ਹਨ ਕੀ ਮਨੁੱਖ ਹਮੇਸ਼ਾ ਜਾਨਵਰਾਂ ਉਪਰ ਅਤਿਆਚਾਰ ਕਰਦਾ ਰਹੇਗਾ

7 ਹੇਠਾਂ ਦਿੱਤੇ ਪੈਰ੍ਹੇ ਦਾ ਸਾਰ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ : 10

ਇਨਸਾਨ ਜ਼ਿੰਦਗੀ 'ਚ ਰੋਜ਼ੀ ਰੋਟੀ ਤੋਂ ਲੈ ਕੇ ਗਿਆਨ ਪ੍ਰਾਪਤੀ ਤੱਕ ਦਾ ਸਫ਼ਰ ਕਰਦਾ ਹੈ। ਮਨੁੱਖ ਦੀ ਪਹਿਲੀ ਲੋੜ ਰੋਟੀ ਦੀ ਅਤੇ ਦੂਜੀ ਵਿਦਿਆ ਹੈ। ਸਕੂਲਾਂ ਕਾਲਜਾਂ "ਚ ਵਿਦਿਆ ਦਾ ਬਹੁਤ ਥੋੜ੍ਹਾ ਭਾਗ ਸਿਖਾਇਆ ਜਾਂਦਾ ਹੈ। ਅਸਲੀ ਵਿਦਿਆ ਜੀਵਨ ਦੇ ਸਕੂਲ ਵਿੱਚੋਂ ਮਿਲਦੀ ਹੈ। ਇਹ ਵਿਦਿਆ ਅਮੁੱਕ ਹੈ। ਵਿਦਿਆ ਦਾ ਵੱਡਾ ਸੋਮਾ ਵੱਖ-ਵੱਖ ਵਿਸ਼ਿਆ ਉਪਰ ਲਿਖੀਆਂ ਕਿਤਾਬਾਂ ਹਨ। ਕਿਤਾਬਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਆਦਮੀ ਨੂੰ ਇਹ ਫ਼ੈਸਲਾ ਕਰਨਾ ਪੈਂਦਾ ਹੈ ਕਿ ਉਹ ਕੀ ਪੜ੍ਹੇ ਤੇ ਕੀ ਛੱਡੇ। ਕਿਤਾਬਾਂ 'ਚ ਗਿਆਨ ਦਾ ਭੰਡਾਰ ਮੌਜੂਦ ਹੈ। ਮਨੁੱਖ ਦੀ ਰੁੱਚੀ ਅਨੁਸਾਰ ਹਰ ਪੁਸਤਕ ਉਪਲਬਧ ਹੈ। ਕਿਤਾਬਾਂ ਪੜ੍ਹਨ ਨਾਲ ਸੰਜਮ, ਸੰਤੋਖ ਅਤੇ ਸਿਆਣਪ ਵਰਗੇ ਗੁਣ ਆਉਂਦੇ ਹਨ। ਮਨੁੱਖ ਨੂੰ ਇਨਸਾਨੀਅਤ ਦੀ ਸਮਝ ਆਉਂਦੀ ਹੈ। ਚੰਗੇ-ਬੁਰੇ ਦੀ ਪਛਾਣ ਕਰਨੀ ਵਿਦਿਆ ਹੀ ਸਿਖਾਉਂਦੀ ਹੈ। ਵਿਦਿਆ ਇਨਸਾਨ ਲਈ ਚਾਨਣ-ਮੁਨਾਰਾ ਹੈ।

8. ਹੇਠ ਲਿਖੇ ਅਗੇਤਰਾਂ ਪਿਛੇਤਰਾਂ ਨੂੰ ਵਰਤ ਕੇ ਸ਼ਬਦ ਬਣਾਉ: 10

ਬੇ, ਨਿਰ, ਉਪ, ਅਤਿ, ਸ, ਮੁਨ, ਆਕ, ਆਰੀ, ਸਾਰ, ਗਾਰ